**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ),

ਪੰਜਾਬ।

ਮੀਮੋ ਨੰ: 244795/501/ਸੇਪ੍ਰ(1)

ਮਿਤੀ : 29.09.21

**ਵਿਸ਼ਾ:-** **SMC ਦੇ ਮੈਂਬਰ ਸਕੱਤਰ ਨੂੰ ਸਮੱਗਰਾ/ਨਾਬਾਰਡ ਦੀਆਂ ਗ੍ਰਾਂਟਾਂ ਖਰਚ ਕਰਨ ਦਾ ਅਧਿਕਾਰ ਦੇਣ ਸਬੰਧੀ।**

**1.0** ਨਾਬਾਰਡ ਅਤੇ ਸਮੱਗਰਾ ਦੀ ਹਫਤਾਵਾਰ ਰੀਵਿਊ ਮੀਟਿੰਗ ਵਿੱਚ ਇਹ ਧਿਆਨ ਵਿੱਚ ਆਇਆ ਹੈ ਕਿ ਜਿਨ੍ਹਾਂ ਸਕੂਲਾਂ ਵਿੱਚ ਸਕੂਲ ਮੁੱਖੀ ਦੀ ਅਸਾਮੀ ਖਾਲੀ ਪਈ ਹੈ ਉਹਨਾ ਸਕੂਲਾਂ ਵਿੱਚ ਫੰਡ ਖਰਚਣ ਵਿੱਚ ਮੁਸਕਿਲ ਆ ਰਹੀ ਹੈ ਕਿਉਂਜੋ ਡੀ.ਡੀ.ਓ ਪਾਵਰਾਂ ਹੋਰ ਕਿਸੇ ਸਕੂਲ ਦੇ ਮੁੱਖੀ ਕੋਲ ਹੁੰਦੀਆਂ ਹਨ।

**2.0** ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ ਦੇ ਪੱਤਰ ਨੰ. 17/6-2018 ਸੇਪ੍ਰ(1)/160 ਮਿਤੀ 18.02.2020 ਅਨੁਸਾਰ ਸਕੂਲ ਹੈੱਡ ਟੀਚਰ ਜਾਂ ਜਿੱਥੇ ਸਕੂਲ ਦਾ ਹੈੱਡ ਟੀਚਰ ਨਹੀਂ ਹੈ, ਉੱਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਵੱਜੋਂ ਸਕੂਲ ਮੈਨਜਮੈਂਟ ਕਮੇਟੀ ਦਾ ਐਕਸ-ਆਫਿਸਓ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ।

**3.0** ਉਪਰੋਕਤ ਪੱਤਰ ਅਨੁਸਾਰ ਕਿਸੇ ਸਕੂਲ ਵਿਖੇ ਸਕੂਲ ਮੁਖੀ ਦੀ ਅਸਾਮੀ ਖਾਲੀ ਹੋਣ ਤੇ ਸੀਨੀਅਰ ਅਧਿਆਪਕ ਨੂੰ ਐਸ.ਐਮ.ਸੀ ਦਾ ਬਤੌਰ ਮੈਂਬਰ ਸਕੱਤਰ ਲਗਾਇਆ ਜਾਂਦਾ ਹੈ। ਅਜਿਹੇ ਸਕੂਲਾਂ ਦੇ ਮੈਂਬਰ ਸਕੱਤਰ ਨੂੰ ਸਮੱਗਰਾ/ਨਾਬਾਰਡ ਦੀਆਂ ਗ੍ਰਾਂਟਾਂ ਨੂੰ ਖਰਚ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ ਜੋ ਉਸਾਰੀ ਦਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ।

**4.0** ਇਸ ਦੇ ਨਾਲ ਹੀ ਅਜਿਹੇ ਸਕੂਲਾਂ ਦੇ ਡੀ.ਡੀ.ਓਜ਼ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਉਸਾਰੀ ਦੇ ਕੰਮਾਂ ਨੂੰ ਨਿਰੰਤਰ ਮੋਨੀਟਰ ਕਰਨ ਅਤੇ ਫੰਡਾਂ ਦੇ ਖਰਚ ਦਾ ਸਮੇਂ-ਸਮੇਂ ਤੇ ਨਰੀਖਣ ਵੀ ਕਰਨ।

**ਸਕੱਤਰ ਸਕੂਲ ਸਿੱਖਿਆ**